ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਐਸ ਏ ਐਸ ਨਗਰ
ਕੰਪ:ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿੱ), ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ਡੀ.ਡੀ.ਓਜ (ਐਸਿੱ), ਪੰਜਾਬ ।

ਮੀਮੋ ਨੰ:: ਟਰਾਂਸਫਰਸੈੱਲ/2024666102/15
ਮਿਤੀ:ਐਸ.ਏ.ਐਸ ਨਗਰ: 08-10-2024

ਵਿਸ਼ਾ:- ਅਧਿਆਪਕਾਂ ਦੀਆਂ ਬਦਲੀਆਂ ਦੀਆਂ ਬੇਨਤੀਆਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ਡੀ.ਡੀ.ਓਜ ਵੱਲੋਂ ਤਸਦੀਕ ਕਰਨ ਸਬੰਧੀ।

ਹਵਾਲਾ:- ਇਸ ਦਫਤਰ ਵੱਲੋਂ ਜਾਰੀ ਪਬਲਿਕ ਨੋਟਿਸ ਮੀਮੋ ਨੰ:: ਟਰਾਂਸਫਰਸੈੱਲ/2024666102/14 ਮਿਤੀ:ਐਸ.ਏ.ਐਸ ਨਗਰ: 25-09-2024 ਦੇ ਸਬੰਧ ਵਿੱਚ।

1.0 ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪਬਲਿਕ ਨੋਟਿਸ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ Exempted Category ਅਧੀਨ ਕਵਰ ਹੁੰਦੇ ਅਧਿਆਪਕ, ਜੋ ਬਦਲੀ ਕਰਵਾਉਣਾ ਚਾਹੁੰਦੇ ਹਨ, ਨੂੰ ਆਪਣੇ ਵੇਰਵੇ ਜਿਵੇਂ ਕਿ General Details, Results, Service Record ਮਿਤੀ 30-09-2024 ਤੋਂ 02-10-2024 ਤੱਕ Epunjabschoolportal ਤੇ ਆਪਣੇ employee login id ਤੇ Login ਕਰਕੇ ਭਰਨ ਦਾ ਸਮਾਂ ਦਿੱਤਾ ਗਿਆ ਸੀ।

2.0 ਦਰਖਾਸਤ ਕਰਤਾਵਾਂ ਵੱਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਹੈ, ਉਸਦੀ ਤਸਦੀਕ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ਡੀ.ਡੀ.ਓਜ ਵੱਲੋਂ ਮਿਤੀ 08-10-2024 ਤੋਂ 10-10-2024 ਤੱਕ ਕੀਤੀ ਜਾਣੀ ਹੈ। ਇਸ ਮੰਤਵ ਲਈ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ਡੀ.ਡੀ.ਓਜ ਈਪੰਜਾਬ ਪੋਰਟਲ ਤੇ ਲਾਗ ਇਨ ਕਰਕੇ Staff Menu ਵਿੱਚ ਦਿੱਤੇ ਲਿੰਕ Transfer and Verification ਤੇ ਜਾ ਕੇ ਦਰਖਾਸਤਕਰਤਾ ਵੱਲੋਂ ਭਰੇ ਡਾਟੇ ਦੀ ਵੈਰੀਫਿਕੇਸ਼ਨ ਕਰਨਗੇ।

3.0 ਵੈਰੀਫਿਕੇਸ਼ਨ ਉਪਰੰਤ ਜੇਕਰ ਰਿਕਾਰਡ ਅਨੁਸਾਰ ਬਿਨੈਕਾਰ ਦੇ ਡਾਟੇ ਵਿੱਚ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ਡੀ.ਡੀ.ਓਜ ਉਸਨੂੰ ਆਪਣੀ ਤਸੱਲੀ ਕਰਨ ਉਪਰੰਤ ਦਰੁਸਤ ਕਰਨਾ ਯਕੀਨੀ ਬਣਾਉਣਗੇ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ/ਡੀ.ਡੀ.ਓਜ ਡਾਟਾ ਵੈਰੀਫਿਕੇਸ਼ਨ ਕਰਨ ਉਪਰੰਤ Approve ਦਾ ਬਟਨ ਦਬਾਉਣਗੇ।

Sunita Rani

ਸਹਾਇਕ ਡਾਇਰੈਕਟਰ (ਅਮਲਾ-1)